ਨਾ ਕੋ ਕਹੇ ਕਲਾਮ ॥ ਗਾਇਤ੍ਰੀ ਨਾ ਤਰਪਣ ਨਾ ਫਾਇਤਾ ਨਾ ਦਰੂਦ ॥ ਨਾ ਤੀਰਥ ਦੇਹੁਰਾ ਨਾ ਦੇਵੀ ਕੀ ਪੂਜ ॥ ਗੁਰਮੁਖ ਕੋਈ ਨ ਜਾਣਸੀ ਨਾ ਕੋ ਲਏ ਉਪਦੇਸ਼ ॥ ਇਕੋ ਵਰਤਣ ਵਰਤੀਐ ਨਾ ਕੋ ਕਰੇ ਆਦੇਸ ॥ ਬੇਦ ਕਤੇਬ ਨ ਜਾਣਸਨ ਨ ਦਵਾਰਾ ਨ ਮਸੀਤ ॥ ਰੋਜ਼ਾ ਬਾਂਗ ਨ ਵਰਤ ਨੇਮ ਨਾ ਕੋ ਕਢੇ ਹਦੀਸ॥ਕੋਈ ਨ ਕਿਸਕੀ ਜਾਣਸੀ ਨਾ ਕੋ ਕਰੇ ਸਲਾਮ ॥ ਨਾਨਕ ਸ਼ਬਦ ਵਰਤਦਾ ਜਿਸ ਕੋਟੀ ਮਧੀ ਜਾਣ ॥੪੯॥ ਤਿਸਕਾ ਪਰਮਾਰਥ ॥ ਭਾਈ ਅਜਿਤਿਆ ਜਦੋਂ ਗੁਰੂ ਏਸ ਧਰਤੀ ਉਪਰੋਂ ਅਦਿਸ਼ਟ ਹੋ ਜਾਵਣਗੇ ਤਾਂ ਪਿਛੋਂ ਸੰਸਾਰ ਵਿਚ ਅਜੇਹੀ ਵਰਤ ਜਾਵੇਗੀ ਜੋ ਕੋਈ ਕਿਸੇ ਨੂੰ ਜਾਣੇਗਾ ਨਹੀਂ ਅਤੇ ਧੁੰਧੂਕਾਰ ਵਰਤਜਾਸੀ ਅਜੇਹੇ ਮਨਮੁਖ ਹੋਵਣਗੇ ਜੋ ਕੋਈ ਨਾ ਹਿੰਦੂ ਰਹੇਗਾ ਨਾ ਮੁਸਲਮਾਨ ਰਹਿਸਨ ਨ ਰਾਮ ਕਉ ਮੰਨਣਗੇ ਨ ਰਹੀਮ ਕੋ ਮੰਨਣਗੇ ਨਾ ਗਾਇਤ੍ਰੀ ਤਰਪਣ ਇਸ਼ਨਾਨ ਨਾ ਧਰਮ ਨੇਮ ਤੀਰਥ ਪੂਜਾ ਨ ਦੇਵੀ ਨ ਦੇਹੁਰਾ ਨ ਧਰਮ ਸਾਲ ਨਾ ਮਸੀਤ ਨਾ ਬਾਂਗ ਨ ਨਿਮਾਜ ਨਾ ਫਾਇਤਾ ਨਾ ਦੁਆਇ ਨ ਸਲਾਮ ਨਾ ਕਿਸੇ ਧਿਆਇ ਨ ਦੇਵੀ ਕੀ ਪੂਜਾ ਸੰਸਾਰ ਕਰੇਗਾ ਸਭ ਇਕ ਵਰਨ ਹੋਇ ਜਾਵਣਗੇ ਅਤੇ ਸ਼ਬਦ ਗੁਰੂ ਕਾ ਕਿਥਾਉਂ ਵਿਰਲਾ ਹੀ ਹੋਵੇਗਾ॥ ਉਸ ਸਮੇਂ ਇਕ ਭਗਤ ਪੈਦਾ ਹੋਇ ਜਾਵੇਗਾ ਸੋ ਨੀਲ ਬਸਤਰ ਪਹਿਰੇ ਅਤੇ ਅੰਤਰੋਂ ਸ਼ਬਦ ਪੋਥੀਆਂ ਉਚਾਰੇਗਾ ਉਸਦੇ ਵਾਸਤੇ ਪ੍ਰਮੇਸ਼ਰ ਆਪ ਉਤਾਰੀ ਹੋਇਕਰ ਸਹਾਇਤਾ ਕਰੇਗਾ। ਅਜਿਤੇ ਰੰਧਾਵੇ ਅਰਦਾਸ ਕੀਤੀ ਸਚੇ ਪਾਤਸ਼ਾਹ ਜੀ ਓਹ ਕੌਣ ਭਗਤ ਹੋਵੇਗਾ ਜੀ ਤਾਂ ਬਚਨ ਹੋਯਾ ਭਾਈ ਅਜਿਤਿਆ ਤੂੰ ਸੁਣ ਸਲੋਕ ॥ ਨਿਰਕਲੰਕ ਹੋਇ ਉਤਰੀ ਮਹਾਬਲੀ ਅਉਤਾਰ ॥ ਸੰਤ ਰਛਿਆ ਜੁਗ ਜੁਗ ਕਰੇ ਦੁਸ਼ਟਾਂ ਕਰੇ ਸੰਘਾਰ ॥ ਨਵਾਂ ਧਰਮ ਚਲਾਇਸੀ ਜਗ ਹੋਮ ਹੋਵਹਿ ਹਾਰ ॥ ਨਾਨਕ ਕਲਜੁਗ ਤਾਰਸੀ ਕੀਰਤਨ ਨਾਮ ਅਧਾਰ ॥੫੦॥ ਤਿਸਕਾ ਪ੍ਰਮਾਰਥ ॥ ਭਾਈ ਅਜਿਤਿਆ ਗੁਰੂ ਜੋ ਕਲਜੁਗ ਮੇਂ ਸੰਸਾਰ ਵਿਚ ਆਯਾ ਹੈ ਸੋ ਪਰਉਪਕਾਰ ਵਾਸਤੇ ਜਾਂ ਗੁਰੂ ਜਾਮਾ ਪਹਿਰਸੀ ਤਾਂ ਧੁੰਧੂਕਾਰ ਵਰਤ ਜਾਵੇਗਾ ਜਿਥੋਂ ਕੁਛ ਪੂਜਾ ਚਰਚਾ ਸੁਨਣਗੇ ਚੜ੍ਹਕਰ ਮਾਰਨਗੇ ਤੁਰਕਾ ਕਾ ਤੇਜ ਹੋਵਸੀ ਤਾਂ ਓਸ ਸਮੇਂ ਇਕ ਸੰਤ ਪ੍ਰਮੇਸ਼ਰ ਕੀ ਪੂਜਾ ਕਰੇਗਾ ਤੇ ਓਸਦੇ ਘਰ ਇਕ ਇਸਤ੍ਰੀ ਬਹੁਤ ਚੰਦਰੀ ਹੋਵੇਗੀ ਓਹ ਨਾਰ ਜਾਇ ਲੋਕਾਂ ਅਗੇ ਚੁਗਲੀ ਕਰੇਗੀ ਤਿਤ ਕਰਕੇ ਸੰਤ ਕੋ ਦੈਂਤ ਦੁਖ ਦੇਵਸੀ ਤਾਂ ਓਸ ਸੰਤ ਵਾਸਤੇ ਗੁਰੂ ਜਾਮਾ ਪਹਿਰਸੀ ਜਹਾਂ ਤੀਕਰ ਓਸ ਸੰਤਕਾ ਦ੍ਵੈਖੀ ਦੁਸ਼ਟ ਹੋਵੇਗਾ ਸੋ ਓਨਾਂ ਨੂੰ ਚੁਨ ਚੁਨ ਕਰ ਮਾਰੇਗਾ ਫੇਰ ਨਵੇਂ ਧਰਮ ਚਲਾਵੇਗਾ ਦੂਤੀ ਦੁਸ਼ਟ ਕਉ ਸੰਘਾਰੇਗਾ ਤੇ ਚੌਰਾਸੀ ਜਾਮੇਂ ਕਲਜੁਗ ਮੇਂ ਸੰਪੂਰਨ ਕਰੇਗਾ ਕਲਜੁਗ ਕੀ ਮਿਤ ਪੂਰਨ ਹੋਇਗੀ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਜੀ ਮੈਨੂੰ ਬਖਸ਼ ਲਵੋ ਜੀ ਮੈਂ ਆਪਦੇ ਸਨਮੁਖ ਬਹੁਤ ਬਚਨ ਕੀਤੇ ਹਨ ਤਾਂ ਬਚਨ ਹੋਯਾ ਭਾਈ ਏਹ ਗਲਾਂ ਨਹੀਂ ਇਹ ਤਾਂ ਗੁਰਮੰਤਰ ਹਨ ਜੋ ਏਸਨੂੰ ਮਨਕਰਕੇ ਪੜ੍ਹੇਗਾ ਅਥਵਾ ਦਿਲ ਕਰਕੇ ਸੁਣੇਗਾ ਸੋ ਤਿਸ ਕਾ ਤਤਕਾਲ ਹੀ ਉਧਾਰ ਹੋਵੇਗਾ ॥ ਸਲੋਕ ॥ ਅਮਰ ਬਚਨ ਗੁਰਦੇਵ ਦੇ ਜਿਹ ਜਨ ਰਿਦੇ ਬਸਾਇ ॥ ਮੁਕਤ ਜਗਤਅਰ ਮਾਲ ਧਨ ਜੁਗੋ ਜੁਗੰਤਰ ਖਾਹਿ ॥ ਸ਼ਬਦ ਅਖਰ ਜਿਸ ਮਨ ਵਸੈ ਖਿਨ ਮਹਿ ਹੋਇ ਉਧਾਰ॥ਪੁਨਪ੍ਰਮਾਰਥ ਨਾਨਕਾ ਜਿਸ ਲਗ ਤਰੈ ਸੰਸਾਰ ॥੫੧॥ ਸਲੋਕ ॥ ਗੋਸ਼ਟ ਸਤਿਗੁਰੂ ਨਿਰੰਕਾਰ ਜੀ ਨਾਲ ਅਜਿਤੇ ਰੰਧਾਵੇ ਕੀਆ ਉਚਾਰ ॥ ਜੋ ਸਿਖ ਪੜੇ ਪ੍ਰੀਤ ਕਰ ਸੋਈ ਉਤਰੈ ਪਾਰ ॥ ਦੋਹਰਾ ॥ ਜਨਮ ਮਰਨ ਤਾਂਕਾ ਮਿਟੈ ਪੜੇ ਜੁ ਪ੍ਰੀਤ ਲਗਾਇ ॥ ਜੀਵਨ ਤਿਸਕਾ ਸਫਲ ਹੈ ਨਾਨਕ ਨਾਮ ਧਿਆਇ॥ਨਾਨਕ ਮੂਰਤਿ ਨਾਮਕੀਜਪਿਆਂ ਸਭੁ ਦੂਖ ਦੂਰ ॥ ਨਾਨਕ ਤਿਸ ਬਲਿਹਾਰਣੇ ਜ਼ੋ ਰਹਿੰਦੇ ਸਦਾ ਹਜ਼ੂਰ ॥

ਗੋਸ਼ਟ ਅਜਿਤੇ ਰੰਧਾਵੇ ਕੀ ਸੰਪੂਰਣੰ ਸ਼ੁਭੰ ॥

ਸੰਮਤ 1597 JANAM SAKHI BHAI BALA

ਨੇ ਵਡਾ ਭਗਤ ਕੀਤਾ ਹੈ ਅਰ ਆਪਕੇ ਸੰਜੋਗ ਬਹੁਤਿਆਂ ਕਾ ਉਧਾਰ ਹੋਵੇਗਾ ਤੇਰੀ ਸ੍ਰੀ ਰਾਮ ਜੀ ਨੇ ਵਡੀ ਨਦਰ ਖੋਲ੍ਹੀ ਹੈ ਤੇਰਾ ਵਡਾ ਪ੍ਰਤਾਪ ਹੋਵੇਗਾ ਇਸ ਕਲਜੁਗ ਵਿਚ ਅਗੇ ਕਬੀਰ ਭਗਤ ਏਥੇ ਆਯਾ ਹੈ ਅਤੇ ਜਾਂ ਆਪ ਕੋ ਕਰਤਾਰ ਨੇ ਆਂਦਾ ਹੈ ਤਾਂ ਮਰਦਾਨੇ ਪ੍ਰਹਿਲਾਦ ਨੂੰ ਪੁਛਿਆ ਹੇ ਭਗਤ ਜੀ ਤੁਸੀਂ ਭੀ ਵਡੇ ਭਗਤ ਹੋ ਅਤੇ ਤੁਸਾਡੇ ਪਿਛੇ ਰਾਮ ਜੀ ਵਡਾ ਚਲਤ ਦਿਖਾਇਆਹੈ ਤੇਰੀ ਰਾਮ ਜੀ ਨੇ ਵਡੀ ਨਦਰਖੋਲ੍ਹੀਹੈ ਭਗਤ ਜੀ ਏਥੇ ਹੋਰ ਕੋਈ ਵੀ ਪਹੁੰਚਿਆ ਹੈ ਕਿ ਕਬੀਰ ਅਤੇ ਨਾਨਕ ਤਪਾ ਹੀ ਪਹੁੰਚਿਆ ਹੈ ਤਾਂਪ੍ਰਹਿਲਾਦ ਭਗਤ ਬੋਲਿਆ ਭਾਈ ਨਾਨਕ ਤਪੇ ਪਾਸੋਂ ਪੁਛ ਲੈ ਹੋਰ ਭੀ ਆਵਸੀ ਕਿ ਨਾ ਆਵਸੀ ਕੋਈ ਤਾਂ ਮਰਦਾਨੇ ਕਿਹਾ ਜੀ ਤੁਸੀਂ ਵਡੇ ਭਗਤ ਹੋ ਅਤੇ ਅਗਲੀ ਤੇ ਪਿਛਲੀ ਸਭ ਆਪਨੂੰ ਸਤਿਜੁਗ ਥੀਂ ਆਦਿ ਲੈਕੇ ਮਲੂਮ ਹੈ ਤਾਂ ਪ੍ਰਹਿਲਾਦ ਭਗਤ ਨੇ ਕਿਹਾ ਸੁਣ ਭਾਈ ਇਸ ਜਿਹਾ ਕੋਈ ਹੋਵੇਗਾ ਤਾਂ ਏਥੇ ਪਹੁੰਚੇਗਾ ਹੋਰਸ ਦਾ ਏਥੇ ਪਹੁੰਚਣਾ ਕੰਮ ਨਹੀਂ ਹੋਰ ਅਗੇ ਵਡੇ ਵਡੇ ਭਗਤ ਹੋਏ ਹੈਨ ਅਤੇ ਹੋਵਨਗੇਪਰ ਪਹੁੰਚਿਆ ਕੋਈਨਾਹੀਂ ਤਾਂ ਫੇਰ ਮਰਦਾਨੇ ਪੁਛਿਆ ਜੀ ਓਹ ਕਦ ਹੋਸੀ ਕਿਤੇ ਨੇੜੇ ਜੁਗ ਵਿਚ ਹੋਸੀ ਤਾਂ ਪ੍ਰਹਿਲਾਦ ਭਗਤ ਕਿਹਾ ਸੁਣ ਭਾਈ ਕਲਜੁਗ ਵਿਚ ਹੋਵੇਗਾ ਜਦ ਨਾਨਕ ਤਪਾ ਸਚ ਖੰਡ ਜਾਵੇਗਾ ਤਾਂ ਇਸ ਤੋਂ ਪਿਛੇ ਸੌ ਵਰ੍ਹ ਹੋਸੀ ਅਤੇ ਏਨਾਂ ਤੇਹਾਂ ਤੋਂ ਬਗੈਰ ਹੋਰ ਕੋਈ ਨਾ ਆਵਸੀ ਤਾਂ ਮਰਦਾਨੇ ਪੁਛਿਆ ਜੀ ਤ੍ਰੈ ਕੇਹੜੇ ਹੈਨ ਤਾਂ ਪ੍ਰਹਿਲਾਦ ਭਗਤ ਕਹਿਆ ਭਾਈ ਅਗੇ ਕਬੀਰ ਹੋਇਆ ਹੈ ਤੇ ਹੁਣ ਨਾਨਕ ਤਪਾ ਹੂਆ ਹੈ ਅਤੇ ਫੇਰ ਉਹ ਹੋਸੀ ਤਾਂ ਮਰਦਾਨੇ ਪੁਛਿਆ ਜੀ ਕਬੀਰ ਜੁਲਾਹਾ ਹੋਯਾ ਤੇ ਨਾਨਕ ਖਤਰੀ ਹੋਏ ਅਤੇ ਜੀ ਉਹ ਕਿਸ ਵਰਨ ਵਿਚ ਹੋਵੇਗਾ ਜੀ ਤੇ ਕਿਸ ਧਰਤੀ ਹੋਸੀ ਕੇਹੜੇ ਸ਼ਹਿਰ ਤਾਂ ਪ੍ਰਹਿਲਾਦ ਭਗਤ ਕਿਹਾ ਭਾਈ ਪੰਜਾਬ ਧਰਤੀ ਤੇ ਵਰਨ ਜਟ ਤੇ ਸ਼ਹਿਰ ਵਟਾਲੇ ਵਿਚ ਹੋਸੀ * ਤਾਂ ਮਰਦਾਨਾ ਸ੍ਰੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਗੁਰੂ ਜੀ ਮੈਂ ਭੁਲਾ ਹਾਂ ਤਾਂ ਗੁਰੂ ਨਾਨਕ ਜੀ ਕਿਹਾ ਸੁਣ ਮਰਦਾਨਾ ਜੋ ਪੂਰਨ ਪੁਰਖ ਹੈਨ ਸੋ ਪਾਜ ਨਹੀਂ ਰਖਦੇ ਫੇਰ ਪ੍ਰਹਿਲਾਦ ਭਗਤ ਆਖਿਆ ਤਪਾ ਜੀ ਪੂਰਨ ਜੋਗ ਹੈ ਜੋ ਪੂਰਨ ਪੁਰਖ ਹੈਨ ਸੋ ਉਹ ਆਪਣੀ ਵਡਿਆਈ ਨਹੀਂ ਕਰਦੇਜਿਉਂ ਕੀਤਿਉ ਹੀ ਆਖਦੇ ਹੈਨ ਤਾਂਮਰਦਾਨਾ ਅਧੀਨ ਹੋਇਕੇ ਚੁਪ ਕਰ ਗਿਆ ਤਾਂ ਗੁਰੂ ਨਾਨਕ ਜੀ ਅਤੇ ਮਰਦਾਨਾ ਅਤੇ ਪ੍ਰਹਿਲਾਦ ਭਗਤ ਬਹੁਤ ਖੁਸ਼ੀ ਹੋਇਕੇ ਆਪਸ ਵਿਚ ਪ੍ਰਸੰਨਤਾ ਦੇ ਬਚਨ ਬਿਲਾਸ ਕਰਕੇ ਆਨੰਦ ਹੋਏ ਤਾਂ ਗੁਰੂ ਜੀ ਕਿਹਾ ਭਗਤ ਜੀ ਹੁਣ ਅਸਾਂ ਨੂੰ ਰਜਾਇ ਦੇਵੋ ਤਾਂ ਪ੍ਰਹਿਲਾਦ ਭਗਤ ਨੇ ਕਿਹਾ ਤਪਾ ਜੀ ਤੁਝ ਕਉ ਰਾਮ ਜੀ ਕੀ ਰਜਾਇ ਹੈ ਤਪਾ ਜੀ ਤੁਮਾਰੀ ਖੁਸ਼ੀ ਆਵੇ ਤਰਾਂ ਖੇਲੋ ॥ ਬੋਲੋ ਭਾਈ ਜੀ ਵਾਹਿਗੁਰੂ ॥ ੪੮ ॥

# ਅਗੇ ਸਾਖੀ ਇਕ ਪਹਾੜ ਦੀ ਚਲੀ

ਤਾਂ ਗੁਰੂ ਨਾਨਕ ਜੀ ਤੇ ਮਰਦਾਨਾ ਤੇ ਗੁਰੂ ਜੀ ਮੈਂ ਅਲਲਾ ਪਰਬਤ ਉਤੋਂ ਅੰਤਰ ਧਿਆਨ ਹੋਏ ਤਾਂ ਇਕ ਜੰਗਲ ਪਰਬਤ ਉਪਰ ਜਾਇ ਖੜੇ ਹੋਏ ਤਾਂ ਮਰਦਾਨੇ ਪੁਛਿਆ ਜੀ ਹੁਣ ਅਸੀਂ ਕਿਤਨੇ ਜੋਜਨ ਆਏ ਹਾਂ ਤਾਂ ਸ੍ਰੀ ਗੁਰੂ ਨਾਨਕ ਜੀ ਕਿਹਾ ਮਰਦਾਨਾ ਅਸੀਂ ਸੋਲ੍ਹਾਂ ਲਖ ਜੋਜਨ ਆਏ ਹਾਂ ਫੇਰ ਮਰਦਾਨੇ ਪੁਛਿਆ ਜੀ ਅਸੀਂ ਧਰਤੀ ਪਾਸੋਂ ਸਭੋ ਕਿਤਨੇ ਜੋਜਨ ਆਏ ਹਾਂ ਜੀ ਤਾਂ ਗੁਰੂ ਨਾਨਕ ਜੀ ਕਿਹਾ ਸੁਣ ਮਰਦਾਨਾ ਅਸੀਂ ਸਤਾਰਾਂ ਲਖ ਤੇ ਅਠਤਾਲੀ ਹਜਾਰ ਜੋਜਨ ਧਰਤੀ ਤੋਂ ਆਏ ਹਾਂ ਤਾਂ ਮਰਦਾਨੇ ਕਿਹਾ ਜੀ ਹੁਣ ਅਗੇ ਭੀ ਚਲੋਗੇ ਤਾਂ ਗੁਰੂ ਨਾਨਕ ਜੀ ਕਿਹਾ ਮਰਦਾਨਾ ਅਸਾਂ ਅਗੇ ਜ਼ਰੂਰ ਹੀ ਜਾਣਾ ਹੈ ਤਾਂ

---

* ਇਹ ਪ੍ਰਸੰਗ ਭੀ ਹਿੰਦਾਲ ਜੰਡ ਦੇ ਚੇਲਿਆਂ ਪਾਇਆ ਹੈ ਜੋ ਸਿੱਖਾਂ ਨਾਲ ਸਾੜਾ ਕਰਦਾ ਹੈ ਕਿ ਇਹ ਜੱਟ ਹੋਸੀ।